# ਦਫ਼ਤਰ ਜਿਲ੍ਹਾ ਚੋਣ ਅਫ਼ਸਰ-ਕਮ-ਡਿਪਟੀ ਕਮਿਸ਼ਨਰ, ਅੰਮ੍ਰਿਤਸਰ।

**OFFICE OF THE**

**DISTRICT ELECTION OFFICER-CUM-DEPUTY COMMISSIONER, AMRITSAR**

(Old Blood Bank Near Ram Bagh Railway Phatak, Amritsar)

Phone No. 0183-2227118 Email - electeh.amritsar@gmail.com

---

ਸੇਵਾ ਵਿਖੇ

ਸਮੂਹ ਚੋਣਕਾਰ ਰਜਿਸਟਰੇਸ਼ਨ ਅਫ਼ਸਰ,
ਵਿਧਾਨ ਸਭਾ ਚੋਣ ਹਲਕੇ।

ਪੱਤਰ ਨੰ. ਚੋਣ-2016/ 1138 ਮਿਤੀ : ਅੰਮ੍ਰਿਤਸਰ 20 ਸਤੰਬਰ, 2016.

ਵਿਸ਼ਾ: ਮਿਤੀ 01.01.2017 ਦੀ ਯੋਗਤਾ ਮਿਤੀ ਦੇ ਅਧਾਰ ਤੇ ਫੋਟੋ ਵੋਟਰ ਸੂਚੀ ਦੀ ਸੁਧਾਈ, 2017- ਸਪੈਸਲ ਕੰਪੈਅਨ ਦੀ ਮਿਤੀ 25.09.2016 (ਐਤਵਾਰ) ਨੂੰ ਸਮੂਹ ਬੀ.ਐਲ.ਓਜ਼. ਦੀ ਹਾਜ਼ਰੀ ਯਕੀਨੀ ਬਣਾਉਣ ਸਬੰਧੀ।

ਉਪਰੋਕਤ ਵਿਸ਼ੇ ਪੁਰ ਵਿਸ਼ਾ ਅਧੀਨ ਸੁਧਾਈ ਲਈ ਭਾਰਤ ਚੋਣ ਕਮਿਸ਼ਨਰ ਵੱਲੋਂ ਜਾਰੀ ਪ੍ਰੋਗਰਾਮ ਅਨੁਸਾਰ ਮਿਤੀ 24.09.2016 ਨੂੰ ਵੋਟਰ ਸੂਚੀ ਸਬੰਧਤ ਇਲਾਕਿਆਂ ਵਿੱਚ ਪੜ੍ਹ ਕਿ ਸੁਣਾਈ ਜਾਣੀ ਹੈ ਅਤੇ ਮਿਤੀ 25.09.2016 (ਐਤਵਾਰ) ਨੂੰ ਸਪੈਸਲ ਕੰਪੈਅਨ ਦੀ ਮਿਤੀ ਨਿਰਧਾਰਤ ਕੀਤੀ ਗਈ ਹੈ। ਇਸ ਮਿਤੀ ਨੂੰ ਬੀ.ਐਲ.ਓਜ਼. ਆਪਣੇ-2 ਪੋਲਿੰਗ ਸਟੇਸ਼ਨ ਤੇ ਸਵੇਰੇ 9-00 ਵਜੇ ਤੋਂ ਸ਼ਾਮ 5-00 ਵਜੇ ਤੱਕ ਹਾਜ਼ਰ ਰਹਿਣਗੇ ਅਤੇ ਆਮ ਜਨਤਾ ਪਾਸੋਂ ਦਾਅਵੇ ਅਤੇ ਇਤਰਾਜ ਪ੍ਰਾਪਤ ਕਰਨਗੇ। ਮੁੱਖ ਚੋਣ ਅਫ਼ਸਰ, ਪੰਜਾਬ, ਚੰਡੀਗੜ੍ਹ ਵੱਲੋਂ ਨਿਯੁੱਕਤ ਈ-ਰੋਲ ਅਬਜਰਵਰ (ਕਮਿਸ਼ਨਰ, ਜਲੰਧਰ ਡਿਵੀਜਨ, ਜਲੰਧਰ), ਡਿਪਟੀ ਕਮਿਸ਼ਨਰ, ਵਧੀਕ ਡਿਪਟੀ ਕਮਿਸ਼ਨਰ (ਜ) ਜੀ ਵੱਲੋਂ ਮਿਤੀ 25.09.2016 ਨੂੰ ਪੋਲਿੰਗ ਸਟੇਸਨਾ ਦੀ ਚੈਕਿੰਗ ਵੀ ਕੀਤੀ ਜਾ ਰਹੀ ਹੈ।

ਆਪ ਨੂੰ ਬੇਨਤੀ ਕੀਤੀ ਜਾਂਦੀ ਹੈ ਕਿ ਨੂੰ ਬੀ.ਐਲ.ਓਜ਼. ਦੀ ਸਬੰਧਤ ਪੋਲਿੰਗ ਸਟੇਸ਼ਨਾਂ ਤੇ ਹਾਜ਼ਰੀ ਯਕੀਨੀ ਬਣਾਈ ਜਾਵੇ ਅਤੇ ਇਹਨਾਂ ਮਿਤੀਆਂ ਨੂੰ ਆਪਣੇ ਦਫ਼ਤਰ ਤੋਂ ਇਲਾਵਾ ਏ.ਈ.ਆਰ.ਓ. 1 ਅਤੇ 2 ਦਾ ਦਫ਼ਤਰ ਵੀ ਖੁੱਲਾ ਰੱਖਿਆਂ ਜਾਵੇ। ਬੀ.ਐਲ.ਓਜ਼. ਦੀ ਪੋਲਿੰਗ ਸਟੇਸ਼ਨਾਂ ਤੇ 100% ਹਾਜ਼ਰੀ ਯਕੀਨੀ ਬਣਾਈ ਜਾਵੇ।

ਉਕਤ ਹਦਾਇਤਾਂ ਤੋਂ ਏ.ਈ.ਆਰ.ਓ. 1 ਅਤੇ 2 ਨੂੰ ਜਾਣੂ ਕਰਵਾ ਦਿੱਤਾ ਜਾਵੇ।

ਵਾ: ਜਿਲ੍ਹਾ ਚੋਣ ਅਫ਼ਸਰ,
ਅੰਮ੍ਰਿਤਸਰ।

ਪਿੱਠ ਅੰਕਣ ਨੰ. ਚੋਣ-2016/ 1139 ਮਿਤੀ : ਅੰਮ੍ਰਿਤਸਰ 20 ਸਤੰਬਰ, 2016.

ਇਸ ਦਾ ਇੱਕ ਉਤਾਰਾ:-

1. ਜਿਲ੍ਹਾ ਸਿੱਖਿਆ ਅਫ਼ਸਰ (ਸੈਕੰਡਰੀ) ਅਤੇ ਜਿਲ੍ਹਾ ਸਿੱਖਿਆ ਅਫ਼ਸਰ (ਐਲੀਮੈਂਟਰੀ) ਨੂੰ ਭੇਜ ਕਿ ਬੇਨਤੀ ਕੀਤੀ ਜਾਂਦੀ ਹੈ ਕਿ ਜਿਨ੍ਹਾਂ ਸਕੂਲਾਂ ਦੀਆਂ ਇਮਾਰਤਾਂ ਵਿੱਚ ਪੋਲਿੰਗ ਸਟੇਸ਼ਨ ਸਥਾਪਤ ਹਨ, ਨੂੰ ਉਕਤ ਮਿਤੀਆਂ ਨੂੰ ਖੁੱਲਾ ਰੱਖਿਆ ਜਾਵੇ।
2. ਜਿਲ੍ਹਾ ਲੋਕ ਅਤੇ ਸੰਪਰਕ ਅਫ਼ਸਰ, ਅੰਮ੍ਰਿਤਸਰ ਨੂੰ ਭੇਜ਼ ਕਿ ਬੇਨਤੀ ਕੀਤੀ ਜਾਂਦੀ ਹੈ ਕਿ ਉਕਤ ਮਿਤੀਆ ਅਤੇ ਈ-ਰੋਲ ਅਬਜਰਵਰ (ਕਮਿਸ਼ਨਰ, ਜਲੰਧਰ ਡਿਵੀਜਨ, ਜਲੰਧਰ), ਡਿਪਟੀ ਕਮਿਸ਼ਨਰ, ਵਧੀਕ ਡਿਪਟੀ ਕਮਿਸ਼ਨਰ (ਜ) ਜੀ ਵੱਲੋਂ ਕੀਤੀ ਜਾ ਰਹੀ ਚੈਕਿੰਗ ਦਾ ਵੱਧ ਤੋਂ ਵੱਧ ਪ੍ਰਚਾਰ ਕੀਤਾ ਜਾਵੇ ਅਤੇ ਪ੍ਰੈਸ ਨੋਟ ਦੀ ਕਲਿਪਿੰਗ ਰਿਕਾਰਡ ਹਿੱਤ ਇਸ ਦਫ਼ਤਰ ਨੂੰ ਭੇਜ ਦਿੱਤੀ ਜਾਵੇ।
3. ਪੀ.ਏ. ਟੂ ਡੀ.ਸੀ. ਨੂੰ ਮਾਨਯੋਗ ਡਿਪਟੀ ਕਮਿਸ਼ਨਰ ਜੀ ਦੀ ਜਾਣਕਾਰੀ ਹਿੱਤ
4. ਪੀ.ਏ. ਟੂ ਏ.ਡੀ.ਸੀ. (ਜ) ਨੂੰ ਮਾਨਯੋਗ ਵਧੀਕ ਡਿਪਟੀ ਕਮਿਸ਼ਨਰ (ਜ) ਜੀ ਦੀ ਜਾਣਕਾਰੀ ਹਿੱਤ ਭੇਜਿਆ ਜਾਂਦਾ ਹੈ।

ਵਾ: ਜਿਲ੍ਹਾ ਚੋਣ ਅਫ਼ਸਰ,
ਅੰਮ੍ਰਿਤਸਰ।